# ਬਹੁਤ ਵਿਰਲੀਆਂ ਬਿਮਾਰੀਆਂ ਲਈ ਮਹਿੰਗੀਆਂ ਦਵਾਈਆਂ



### ਬੀ.ਸੀ. ਵਿਚ ਰਹਿਣ ਵਾਲੇ ਵਿਰਲੀਆਂ ਬਿਮਾਰੀਆਂ ਦੇ ਮਰੀਜ਼ ਦਵਾਈਆਂ ਲਈ ਜਨਤਕ ਫੰਡਿੰਗ ਲਈ ਯੋਗ ਹੋ ਸਕਦੇ ਹਨ।

ਸਿਹਤ ਮੰਤਰਾਲੇ ਦੀ ਤਰਫ਼ੋਂ ਪੀ.ਐੱਚ.ਐੱਸ.ਏ. ਦੀ ਟੀਮ ਵਿਰਲੀਆਂ ਬਿਮਾਰੀਆਂ ਦੀਆਂ ਮਹਿੰਗੀਆਂ ਦਵਾਈਆਂ (ਈ.ਡੀ.ਆਰ.ਡੀ.) ਦੇਖਦੀ ਹੈ:

- ਡਾਕਟਰਾਂ ਦੇ ਮਾਹਿਰ ਪੈਨਲਾਂ ਅਤੇ ਈ.ਡੀ.ਆਰ.ਡੀ. ਦੀ ਸਲਾਹਕਾਰ ਕਮੇਟੀ ਦੀ ਸਮੀਖਿਆ ਵਿਚ ਮਦਦ ਅਤੇ ਸਮਰਥਨ ਕਰਨਾ
- ਦਵਾਈਆਂ ਦੀ ਸਪਲਾਈ ਦੀ ਦੇਖਭਾਲ ਦਾ ਪ੍ਰਬੰਧ ਕਰਨ
- ਦਵਾਈਆਂ ਦੇ ਖਰਚੇ ਨੂੰ ਟ੍ਰੈਕ ਕਰਨਾ ਅਤੇ ਸਮੀਖਿਆ ਕਰਨੀ
- ਲਗਾਤਾਰ ਕੁਆਲਿਟੀ ਦੇ ਸੁਧਾਰ ਵਿਚ ਮਦਦ ਲਈ ਈ.ਡੀ.ਆਰ.ਡੀ. ਦੀਆਂ ਪਰਕ੍ਰਿਆਵਾਂ ਦੀ ਨਿਗਰਾਨੀ ਅਤੇ ਰਿਪੋਰਟ ਕਰਨੀ

ਕੇਸ ਦੀ ਸਮੀਖਿਆ ਦੀ ਪਰਕ੍ਰਿਆ ਕਲੀਨੀਕਲ ਮਾਪਦੰਡਾਂ ਦੀ ਸਮੀਖਿਆ ਕਰਦੀ ਹੈ ਕਿ ਇਹ ਦੇਖਦੀ ਹੈ ਕਿ ਸਿਹਤ ਸੰਭਾਲ ਪ੍ਰਣਾਲੀ ਵਿਚ ਇਲਾਜ ਕਿੰਨੇ ਅਸਰਦਾਰ, ਨਿਰਪੱਖ ਅਤੇ ਸਥਿਰ ਹਨ।

## ਬੀ.ਸੀ. ਦੇ ਈ.ਡੀ.ਆਰ.ਡੀ. ਦੀ ਅਸਾਧਾਰਨ ਫ਼ੰਡਿੰਗ ਬਾਰੇ

ਈ.ਡੀ.ਆਰ.ਡੀ. ਦੀ ਅਸਾਧਾਰਨ ਫ਼ੰਡਿੰਗ ਲਈ 2007 ਵਿਚ ਸਿਹਤ ਮੰਤਰਾਲੇ ਨੇ ਬੇਨਤੀਆਂ ਦੇ ਨਿਪਟਾਰੇ ਲਈ ਇਕ ਪਰਕ੍ਰਿਆ ਸਥਾਪਤ ਕੀਤੀ ਸੀ। 2016 ਵਿਚ ਇਸ ਪਰਕ੍ਰਿਆ ਦਾ ਰੋਜ਼ਾਨਾ ਦਾ ਪ੍ਰਬੰਧ ਅਤੇ ਤਾਲਮੇਲ ਪੀ.ਐੱਚ.ਐੱਸ ਏ. ਨੂੰ ਸੌਂਪ ਦਿੱਤਾ ਗਿਆ ਸੀ।

Provincial Health Services Authority

## ਈ.ਡੀ.ਆਰ.ਡੀ. ਦੀ ਅਸਾਧਾਰਨ ਫ਼ੰਡਿੰਗ ਲਈ ਬੇਨਤੀ

ਈ.ਡੀ.ਆਰ.ਡੀ. ਦੀ ਅਸਾਧਾਰਨ ਫ਼ੰਡਿੰਗ ਦੀ ਬੇਨਤੀ ਦੀ ਪਰਕ੍ਰਿਆ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਅਤੇ ਈ.ਡੀ.ਆਰ.ਡੀ. ਦੀਆਂ ਮਿਸਾਲਾਂ ਦੇਖਣ ਲਈ ਸਿਹਤ ਮੰਤਰਾਲੇ ਦੀ ਇਹ ਵੈੱਬਸਾਈਟ ਦੇਖੋ Ministry of Health's website.

## ਕੋਈ ਸਵਾਲ ਹਨ?

ਵਿਰਲੀਆਂ ਬਿਮਾਰੀਆਂ ਵਾਲੇ ਮਰੀਜ਼ ਆਪਣੀ ਸਿਹਤ ਸੰਭਾਲ ਕਰਨ ਵਾਲੇ ਨੂੰ ਪੁਛ ਸਕਦੇ ਹਨ ਕਿ ਕੀ ਉਹ ਈ.ਡੀ.ਆਰ.ਡੀ. ਦੇ ਇਲਾਜ ਲਈ ਯੋਗ ਹਨ ਕਿ ਨਹੀਂ।

ਆਮ ਸਵਾਲਾਂ ਲਈ ਈ.ਡੀ.ਆਰ.ਡੀ. ਟੀਮ ਨੂੰ ਪੀ.ਐੱਚ.ਐੱਸ ਏ. ਦੇ ਸੂਬਾਈ ਸਪੈਸ਼ੇਲਾਈਜ਼ਡ ਪ੍ਰੋਗਰਾਮ PSP@phsa.ca. ਤੇ ਈਮੇਲ ਕਰੋ।